# Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਵਿੱਚ ਵਿਸ਼ੇਸ਼ ਸਿੱਖਿਆ: Identification, Placement and Review Committees (ਸ਼ਨਾਖਤ, ਤੈਨਾਤੀ ਅਤੇ ਪੜਚੋਲ ਕਮੇਟੀਆਂ) IPRC (ਆਈ.ਪੀ.ਆਰ.ਸੀ.)

## ਮਾਪਿਆਂ ਲਈ ਇੱਕ ਗਾਈਡ

### Identification, Placement and Review Committee (ਸ਼ਨਾਖਤ, ਤੈਨਾਤੀ ਅਤੇ ਪੜਚੋਲ ਕਮੇਟੀ) ਕੀ ਹੁੰਦੀ ਹੈ?

ਵੱਖ-ਵੱਖ ਵਿਦਿਆਰਥੀ ਵੱਖ-ਵੱਖ ਰਫ਼ਤਾਰ ਨਾਲ ਵਿਕਸਤ ਹੁੰਦੇ ਅਤੇ ਸਿੱਖਿਆ ਹਾਸਲ ਕਰਦੇ ਹਨ। ਹੋ ਸਕਦਾ ਹੈ ਕੁੱਝ ਵਿਦਿਆਰਥੀਆਂ ਦੀਆਂ ਲੋੜਾਂ ਬਾਕਾਇਦਾ ਕਲਾਸਰੂਮ ਵਿੱਚ ਪੂਰੀਆਂ ਨਾ ਹੋਣ। Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਇੱਕ ਕਮੇਟੀ ਦੀ ਮਦਦ ਨਾਲ ਇਨ੍ਹਾਂ ਵਿਦਿਆਰਥੀਆਂ ਦੀ ਹਿਮਾਇਤ ਕਰਨ ਲਈ ਵਚਨਬੱਧ ਹੈ ਜੋ ਕਿ:

- ਹਰ ਅਜਿਹੇ ਵਿਦਿਆਰਥੀ ਦਾ ਪਤਾ ਲਾਉਂਦੀ ਹੈ ਜਿਸ ਨੂੰ ਸਿੱਖਿਆ ਦੇ ਵਿਸ਼ੇਸ਼ ਪ੍ਰੋਗਰਾਮਾਂ, ਹਿਮਾਇਤ ਅਤੇ/ਜਾਂ ਸੇਵਾਵਾਂ ਦੀ ਲੋੜ ਹੋਵੇ।
- ਵਿਦਿਆਰਥੀ ਨੂੰ ਅਜਿਹੇ ਕਿਸੇ ਪ੍ਰੋਗਰਾਮ ਵਿੱਚ ਪਾਉਂਦੀ ਹੈ ਜਿੱਥੇ ਉਸ ਦੀਆਂ ਲੋੜਾਂ ਪੂਰੀਆਂ ਹੋਣ।
- ਵਿਦਿਆਰਥੀ ਦੀ ਤਰੱਕੀ ਦੀ ਪੜਚੋਲ ਕਰਦੀ ਹੈ।

The Identification, Placement and Review Committees (IPRC) (ਸ਼ਨਾਖਤ, ਤੈਨਾਤੀ ਅਤੇ ਪੜਚੋਲ ਕਮੇਟੀਆਂ) (ਆਈ.ਪੀ.ਆਰ.ਸੀ.) ਵਿੱਚ ਸਕੂਲ ਪ੍ਰਿੰਸੀਪਲ, ਵਿਸ਼ੇਸ਼ ਸਿੱਖਿਆ ਨਾਲ ਸੰਬੰਧਤ ਅਧਿਆਪਕ ਜਾਂ ਵਿਭਾਗੀ ਮੁਖੀ, ਅਤੇ ਕਲਾਸਰੂਮ ਟੀਚਰ ਵਰਗੇ ਕਰਮਚਾਰੀਆਂ ਦੇ ਛੋਟੇ-ਛੋਟੇ ਗਰੁੱਪ ਸ਼ਾਮਲ ਹੁੰਦੇ ਹਨ। ਕਈ ਵਾਰੀ ਕਮੇਟੀ ਦੀ ਮੀਟਿੰਗ ਵਿੱਚ ਸਟਾਫ਼ ਵਿਚਲੇ ਕਈ ਮਾਹਿਰ (ਜਿਵੇਂ ਕੋਈ ਮਨੋਵਿਗਿਆਨੀ ਜਾਂ "ਸਪੀਚ-ਲੈਂਗੁਏਜ" ਰੋਗ ਮਾਹਿਰ) ਵੀ ਹਿੱਸਾ ਲੈਣਗੇ। ਤੁਹਾਡੇ ਨਾਲ ਰਲ਼ ਕੇ ਕੀਤੇ ਯਤਨਾਂ ਰਾਹੀਂ ਕਮੇਟੀ ਦਾ ਮਕਸਦ ਤੁਹਾਡੇ ਬੱਚੇ ਦੀ ਸਿੱਖਿਆ ਲਈ ਸਭ ਤੋਂ ਉੱਤਮ ਫੈਸਲੇ ਕਰਨਾ ਹੁੰਦਾ ਹੈ।

### ਵਿਦਿਆਰਥੀ ਨੂੰ ਕਮੇਟੀ ਕੋਲ ਕੌਣ ਭੇਜਦਾ ਹੈ?

ਕਮੇਟੀ ਕੋਲ ਭੇਜਣ ਦੀ ਸਿਫਾਰਸ਼ ਤੁਹਾਡੇ ਬੱਚੇ ਦੇ ਸਕੂਲ ਦਾ ਪ੍ਰਿੰਸੀਪਲ ਕਰਦਾ ਹੈ ਅਤੇ ਇਸ ਬਾਰੇ ਉਹ ਤੁਹਾਨੂੰ ਲਿਖ਼ਤੀ ਰੂਪ ਵਿੱਚ ਸੂਚਿਤ ਕਰੇਗਾ। ਜੇ ਤੁਹਾਨੂੰ ਆਪਣੇ ਬੱਚੇ ਦੀਆਂ ਸਿੱਖਿਆ ਦੀਆਂ ਲੋੜਾ ਬਾਰੇ ਕੋਈ ਚਿੰਤਾ ਹੋਵੇ ਤਾਂ ਤੁਸੀਂ ਆਪ ਵੀ (ਲਿਖਤੀ ਰੂਪ ਵਿੱਚ) ਇਸ ਸਿਫਾਰਸ਼ ਲਈ ਪ੍ਰਿੰਸੀਪਲ ਨੂੰ ਬੇਨਤੀ ਕਰ ਸਕਦੇ ਹੋ। ਮੀਟਿੰਗ ਦੀ ਤਾਰੀਖ਼ ਤੋਂ ਘੱਟੋ-ਘੱਟ 10 ਦਿਨ (ਸਕੂਲ ਦੇ) ਪਹਿਲਾਂ ਤੁਹਾਨੂੰ ਕਮੇਟੀ ਵੱਲੋਂ ਸੂਚਿਤ ਕੀਤਾ ਜਾਵੇਗਾ। ਤੁਹਾਡੇ ਲਈ ਇਸ ਮੀਟਿੰਗ ਵਿੱਚ ਹਾਜ਼ਰ ਹੋਣਾ ਅਹਿਮ ਹੁੰਦਾ ਹੈ। ਜੇਕਰ ਤੁਸੀਂ ਨਾ ਆ ਸਕੋਂ ਤਾਂ ਮਿਹਰਬਾਨੀ ਕਰ ਕੇ ਕਿਸੇ ਨਵੀਂ ਤਾਰੀਖ਼ ਜਾਂ ਸਮੇਂ ਲਈ ਪ੍ਰਿੰਸੀਪਲ ਨਾਲ ਸੰਪਰਕ ਕਰੋ।

### ਮੀਟਿੰਗ ਤੋਂ ਪਹਿਲਾਂ ਕਮੇਟੀ ਕੋਲ ਕੀ ਜਾਣਕਾਰੀ ਹੋਵੇਗੀ?

ਸਕੂਲ ਵਾਲੇ ਅਤੇ ਬੋਰਡ ਦੇ ਕਰਮਚਾਰੀ ਤੁਹਾਡੇ ਬੱਚੇ ਦੀ ਸਿੱਖਿਆ ਬਾਰੇ ਜਾਣਕਾਰੀ ਇਕੱਠੀ ਕਰਨਗੇ। ਇਸ ਵਿੱਚ ਤੁਹਾਡੇ ਬੱਚੇ ਦੀਆਂ ਲੋੜਾਂ ਦੇ, ਅਤੇ ਸਿੱਖਿਅਕ ਪ੍ਰਾਪਤੀਆਂ ਦੇ ਜਾਇਜ਼ੇ, (ਕਲਾਸਰੂਮ ਅਤੇ ਵਿਸ਼ੇਸ਼ ਸਿੱਖਿਆ ਦੇ ਅਧਿਆਪਕਾਂ ਵੱਲੋਂ), ਸਿਹਤ ਬਾਰੇ ਮੁਨਾਸਬ ਜਾਣਕਾਰੀ, ਅਤੇ ਬਾਕਾਇਦਾ

ਜਾਇਜ਼ਿਆਂ (ਜਿਵੇਂ ਕਿਸੇ ਮਨੋਵਿਗਿਆਨੀ, "ਸਪੀਚ-ਲੈਂਗੁਏਜ" ਰੋਗ ਮਾਹਿਰ ਜਾਂ "ਔਕੂਪੇਸ਼ਨਲ ਥੈਰਾਪਿਸਟ" ਵੱਲੋਂ) ਦੇ ਨਤੀਜੇ ਸ਼ਾਮਲ ਹੋ ਸਕਦੇ ਹਨ। ਇਸ ਜਾਣਕਾਰੀ ਦੀ ਇੱਕ ਨਕਲ ਤੁਹਾਨੂੰ ਵੀ ਮਿਲੇਗੀ।

## ਤੁਸੀਂ ਮੀਟਿੰਗ ਲਈ ਤਿਆਰੀ ਕਿਵੇਂ ਕਰ ਸਕਦੇ ਹੋ?

ਇਸ ਕਾਰਵਾਈ ਵਿੱਚ ਤੁਹਾਡੀ ਸ਼ਿਰਕਤ ਬਰਾਬਰ ਦੀ ਹੋਵੇਗੀ। ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਤੁਹਾਨੂੰ ਆਪਣੇ ਬੱਚੇ ਦੀਆਂ ਖੂਬੀਆਂ ਅਤੇ ਲੋੜਾਂ ਬਾਰੇ ਲਿਖਤੀ ਜਾਣਕਾਰੀ ਦੇਣੀ ਚਾਹੀਦੀ ਹੈ। ਤੁਹਾਨੂੰ ਸਿੱਖਿਆ ਦੀਆਂ ਵਿਸ਼ੇਸ਼ ਲੋੜਾਂ, ਪ੍ਰੋਗਰਾਮਾਂ ਅਤੇ ਸੇਵਾਵਾਂ, ਤੈਨਾਤੀ ਨਾਲ ਸੰਬੰਧਤ ਰਾਸਤੇ, ਅਤੇ ਆਪਣੇ ਬੱਚੇ ਦੇ ਰਿਕਾਰਡਾਂ ਬਾਰੇ ਵੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ।

ਮੀਟਿੰਗ ਵਿੱਚ ਤੁਸੀਂ ਆਪਣੇ ਬੱਚੇ ਦੇ ਵਕੀਲ ਵਜੋਂ ਕਿਸੇ ਨੂੰ ਨਾਲ ਵੀ ਲਿਆ ਸਕਦੇ ਹੋ। ਜਿਹੜੇ ਵਿਦਿਆਰਥੀ 16 ਸਾਲ ਜਾਂ ਵਧੇਰੇ ਉਮਰ ਦੇ ਹੋਣ, ਉਨ੍ਹਾਂ ਨੂੰ ਆਪ ਹਾਜ਼ਰ ਹੋਣ ਦੀ ਇਜਾਜ਼ਤ ਹੈ। ਜੇ ਤੁਹਾਨੂੰ ਕਮੇਟੀ ਨਾਲ ਅੰਗਰੇਜ਼ੀ ਵਿੱਚ ਗੱਲ ਕਰਨ ਵਿੱਚ ਔਖਿਆਈ ਆਉਂਦੀ ਹੋਵੇ, ਅਸੀਂ ਤੁਹਾਡੇ ਆਖ਼ਣ 'ਤੇ ਦੁਭਾਸ਼ੀਏ ਦਾ ਇੰਤਜ਼ਾਮ ਵੀ ਕਰ ਸਕਦੇ ਹਾਂ।

## ਕਮੇਟੀ ਦੀ ਮੀਟਿੰਗ ਦੌਰਾਨ ਕੀ ਹੁੰਦਾ ਹੈ?

ਕਮੇਟੀ ਤੁਹਾਡੇ ਬੱਚੇ ਦੀਆਂ ਖੂਬੀਆਂ ਅਤੇ ਵਿੱਦਿਅਕ ਲੋੜਾਂ ਦੀ ਪੜਚੋਲ ਕਰੇਗੀ, ਅਤੇ ਤੁਹਾਡੇ ਨਾਲ ਇਸ ਬਾਰੇ ਗੱਲ ਬਾਤ ਕਰੇਗੀ ਕਿ ਵਿਸ਼ੇਸ਼ ਸਿੱਖਿਆ ਦੀ ਲੋੜ ਹੈ ਜਾਂ ਨਹੀਂ, ਅਤੇ ਕਿਹੜੀ ਤੈਨਾਤੀ ਸਭ ਤੋਂ ਚੰਗੀ ਰਹੇਗੀ। ਵਿਚਾਰ-ਵਟਾਂਦਰੇ ਵੇਲ਼ੇ ਤੁਹਾਨੂੰ ਸਵਾਲ ਪੁੱਛਣੇ ਚਾਹੀਦੇ ਹਨ।

ਮੀਟਿੰਗਾਂ ਆਮ ਤੌਰ 'ਤੇ 20 ਮਿੰਟ ਚੱਲਦੀਆਂ ਹਨ। ਕਮੇਟੀ ਆਪਣਾ ਫੈਸਲਾ ਮੌਕੇ 'ਤੇ ਹੀ ਕਰੇਗੀ ਕਿ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਦੀ ਲੋੜ, ਅਤੇ ਵਿਸ਼ੇਸ਼ ਸਿੱਖਿਆ ਲਈ ਤੈਨਾਤ ਕੀਤੇ ਜਾਣ ਦੀ ਲੋੜ ਹੈ ਜਾਂ ਨਹੀਂ। ਕਈ ਵਾਰੀ ਕਮੇਟੀ ਨੂੰ ਹੋਰ ਜਾਣਕਾਰੀ ਲੋੜੀਂਦੀ ਹੁੰਦੀ ਹੈ ਅਤੇ ਇਹ ਆਪਣਾ ਫੈਸਲਾ ਕਿਸੇ ਹੋਰ ਤਾਰੀਖ਼ 'ਤੇ ਰੱਖ ਸਕਦੀ ਹੈ। ਇੱਕ ਹੋਰ ਮੀਟਿੰਗ ਤੈਅ ਕੀਤੀ ਜਾਵੇਗੀ ਅਤੇ ਤੁਹਾਨੂੰ ਉਸ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਵੇਗਾ।

ਜੇ ਵਿਸ਼ੇਸ਼ ਸਿੱਖਿਆ ਦੀ ਲੋੜ ਹੋਵੇ ਤਾਂ ਪਹਿਲੀ ਤਰਜੀਹ ਹਮੇਸ਼ਾ ਵਿਸ਼ੇਸ਼ ਸਿੱਖਿਆ ਦੀ ਹਿਮਾਇਤ ਨਾਲ ਬੱਚੇ ਨੂੰ ਬਾਕਾਇਦਾ ਕਲਾਸ ਵਿੱਚ ਰੱਖਣ ਦੀ ਹੁੰਦੀ ਹੈ। ਜੇ ਇਹ ਮੁਨਾਸਬ ਨਾ ਹੋਵੇ ਤਾਂ ਹੋਰ ਵਿਕਲਪਾਂ ਵਿੱਚ ਸਕੂਲੀ ਦਿਨ ਦੇ ਅੱਧ ਲਈ ਬੱਚੇ ਨੂੰ ਬਾਕਾਇਦਾ ਕਲਾਸ ਵਿੱਚੋਂ ਹਟਾਉਣਾ, ਅਤੇ ਵਿਸ਼ੇਸ਼ ਸਿੱਖਿਆ ਦੀ ਕਲਾਸ ਵਿੱਚ ਪਾਉਣ (ਤੁਹਾਡੇ ਆਪਣੇ ਮੁੱਖ ਸਕੂਲ ਵਿੱਚ ਜਾਂ ਕਿਸੇ ਹੋਰ ਸਕੂਲ ਵਿੱਚ) ਹੁੰਦਾ ਹੈ।

## ਕਮੇਟੀ ਦੀ ਮੀਟਿੰਗ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਕਮੇਟੀ ਦਾ ਫੈਸਲਾ ਬਿਆਨ ਕਰਦੀ ਇੱਕ ਚਿੱਠੀ ਮਿਲੇਗੀ। ਜੇ ਤੁਸੀਂ ਮੀਟਿੰਗ ਵਿੱਚ ਹਾਜ਼ਰ ਨਹੀਂ ਸੀ ਤਾਂ ਤੁਹਾਡੇ ਸਕੂਲ ਦਾ ਪ੍ਰਿੰਸੀਪਲ ਫ਼ੈਸਲੇ ਬਾਰੇ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਕਮੇਟੀ ਨੇ ਵਿਸ਼ੇਸ਼ ਸਿੱਖਿਆ ਦੀ ਸਿਫਾਰਸ਼ ਕੀਤੀ ਹੋਵੇ ਤਾਂ ਤੁਹਾਨੂੰ ਸਹਿਮਤੀ ਦੇ ਇੱਕ ਫ਼ਾਰਮ ਉੱਤੇ ਦਸਤਖ਼ਤ ਕਰਨ ਲਈ ਆਖਿਆ ਜਾਵੇਗਾ।

ਆਪਣੇ ਕੋਈ ਵੀ ਤੌਖਲੇ ਮਿਹਰਬਾਨੀ ਕਰ ਕੇ ਆਪਣੇ ਬੱਚੇ ਦੇ ਪ੍ਰਿੰਸੀਪਲ ਨਾਲ ਵਿਚਾਰੋ। ਜੇ ਤੁਸੀਂ ਹਾਲੇ ਵੀ ਸਹਿਮਤ ਨਾ ਹੋਵੋਂ ਤਾਂ ਤੁਸੀਂ ਕਮੇਟੀ ਨੂੰ (ਲਿਖਤੀ ਰੂਪ ਵਿੱਚ) ਬੇਨਤੀ ਕਰ ਸਕਦੇ ਹੋ ਕਿ ਉਹ ਆਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਕਰੇ। ਆਪਣੇ ਸਕੂਲ ਬੋਰਡ ਦੇ Director of Education (ਡਾਇਰੈਕਟਰ ਆਫ਼ ਐਜੂਕੇਸ਼ਨ) ਨੂੰ ਕਮੇਟੀ ਦੀ ਮੂਲ ਮੀਟਿੰਗ ਦੇ 30 ਦਿਨ ਦੇ ਅੰਦਰ-ਅੰਦਰ ਆਪਣੇ ਵੱਲੋਂ ਅਪੀਲ ਕਰਨ ਬਾਰੇ, ਅਤੇ ਇਸ ਦੀ ਵਜ੍ਹਾ ਦੱਸਦਿਆਂ ਇੱਕ ਚਿੱਠੀ ਭੇਜੋ।

ਜਿਸ ਜਗ੍ਹਾ ਬੱਚੇ ਨੂੰ ਪਾਉਣ ਲਈ ਤੁਸੀਂ ਸਹਿਮਤੀ ਦੇ ਫ਼ਾਰਮ 'ਤੇ ਦਸਤਖ਼ਤ ਕਰ ਕੇ ਫ਼ਾਰਮ ਆਪਣੇ ਬੱਚੇ ਦੇ ਸਕੂਲ ਨੂੰ ਵਾਪਸ ਭੇਜਿਆ ਹੋਵੇ, ਅਸੀਂ ਉਸ ਜਗ੍ਹਾ ਬੱਚੇ ਨੂੰ ਪਾਏ ਜਾਣ ਦਾ ਇੰਤਜ਼ਾਮ ਕਰਾਂਗੇ।

## ਤੈਨਾਤੀ ਤੋਂ ਬਾਅਦ ਤੁਹਾਨੂੰ ਕਿਵੇਂ ਪਤਾ ਚੱਲੇਗਾ ਕਿ ਬੱਚੇ ਦੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ?

ਹਰੇਕ ਪ੍ਰੋਗਰਾਮ ਵਿਚਲੇ ਕਿਸੇ ਵੀ ਵਿਦਿਆਰਥੀ ਦੀ ਤਰ੍ਹਾਂ ਤੁਹਾਨੂੰ ਵੀ ਰਿਪੋਰਟ ਕਾਰਡ ਮਿਲਣਗੇ, ਅਤੇ ਤੁਸੀਂ ਕਿਸੇ ਵੀ ਤੈਅਸ਼ੁਦਾ ਮਾਪੇ-ਅਧਿਆਪਕ ਮੀਟਿੰਗ ਉੱਤੇ, ਜਾਂ ਆਪਣੇ ਵੱਲੋਂ ਬੇਨਤੀ ਕਰ ਕੇ ਲਏ ਹੋਰਨਾ ਸਮਿਆਂ ਉੱਤੇ ਅਧਿਆਪਕ ਨਾਲ ਗੱਲ ਕਰ ਸਕੋਂਗੇ।

Individual Education Plan (ਸਿੱਖਿਆ ਦੀ ਵਿਅਕਤੀਗਤ ਵਿਉਂਤ) ਦੇ ਉਲੀਕਣ ਰਾਹੀਂ ਤੁਸੀਂ ਆਪਣੇ ਬੱਚੇ ਦੀ ਕਾਰਗੁਜ਼ਾਰੀ ਵਿੱਚ ਸ਼ਾਮਲ ਰਹੋਂਗੇ। ਇਹ ਵਿਉਂਤ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਵਿੱਚ ਪਾਏ ਜਾਣ ਦੇ 30 ਦਿਨਾਂ ਦੇ ਅੰਦਰ-ਅੰਦਰ ਲਾਜ਼ਮੀ ਸ਼ੁਰੂ ਹੋਣੀ ਚਾਹੀਦੀ ਹੈ। ਇਸ ਵਿਉਂਤ ਵਿੱਚ ਤੁਹਾਡੇ ਬੱਚੇ ਦੀਆਂ ਦਿਲਚਸਪੀਆਂ, ਖੂਬੀਆਂ, ਲੋੜਾਂ ਅਤੇ ਨਿਸ਼ਾਨਿਆਂ ਦੀ ਰੂਪ-ਰੇਖਾ ਦੱਸੀ ਜਾਵੇਗੀ, ਅਤੇ ਇਸ ਨਾਲ ਕਾਮਯਾਬ ਹੋਣ ਲਈ ਤੁਹਾਡੇ ਬੱਚੇ ਨੂੰ ਲੋੜੀਂਦੇ ਵਿਸ਼ੇਸ਼ ਸਿੱਖਿਆ ਦੇ ਪ੍ਰੋਗਰਾਮ ਜਾਂ ਸੇਵਾਵਾਂ ਦੇਣ ਵਿੱਚ ਸਾਨੂੰ ਮਦਦ ਮਿਲੇਗੀ।

ਤੁਹਾਡੇ ਬੱਚੇ ਨੂੰ ਤੈਨਾਤੀ ਪ੍ਰੋਗਰਾਮ ਵਿੱਚ ਪਾਏ ਜਾਣ ਦੇ ਤਿੰਨ ਮਹੀਨਿਆਂ ਬਾਅਦ ਕਾਰਗੁਜ਼ਾਰੀ ’ਤੇ ਨਜ਼ਰਸਾਨੀ ਲਈ ਤੁਸੀਂ ਪੈਰਵੀ ਵਾਲੀ ਕਮੇਟੀ ਦੀ ਮੀਟਿੰਗ ਲਈ ਬੇਨਤੀ ਕਰ ਸਕਦੇ ਹੋ। ਸਾਲ ਵਿੱਚ ਘੱਟੋ-ਘੱਟ ਇੱਕ ਵਾਰੀ ਸਕੂਲ ਲਈ ਤੁਹਾਡੇ ਬੱਚੇ ਦੀਆਂ ਵਿਸ਼ੇਸ਼ ਸਿੱਖਿਆ ਦੀਆਂ ਲੋੜਾਂ ਉੱਤੇ ਨਜ਼ਰਸਾਨੀ ਕਰਨਾ ਲਾਜ਼ਮੀ ਹੈ। ਜੇ ਅਸੀਂ ਸੁਝਾਅ ਪੇਸ਼ ਕਰੀਏ ਜਾਂ ਤੁਸੀਂ ਆਪਣੇ ਬੱਚੇ ਨੂੰ ਤੈਨਾਤੀ ਪ੍ਰੋਗਰਾਮ ਵਿੱਚ ਪਾਏ ਜਾਣ ਜਾਂ ਇਸ ਦੀ ਜਗ੍ਹਾ ਬਦਲੀ ਕੀਤੇ ਜਾਣ ਦੀ ਬੇਨਤੀ ਕਰੋਂ ਤਾਂ ਵੀ ਅਸੀਂ ਸਾਲਾਨਾ ਪੜਚੋਲ ਕਮੇਟੀ ਦੀ ਮੀਟਿੰਗ ਸੱਦਾਂਗੇ।

**ਵਧੇਰੇ ਜਾਣਕਾਰੀ ਤੁਹਾਨੂੰ ਕਿੱਥੋਂ ਮਿਲ ਸਕਦੀ ਹੈ?**

Individual Education Plan (ਸਿੱਖਿਆ ਦੀ ਵਿਅਕਤੀਗਤ ਵਿਉਂਤ) ਅਤੇ ਵਿਸ਼ੇਸ਼ ਸਿੱਖਿਆ ਬਾਰੇ ਵਧੇਰੇ ਜਾਣਨ ਲਈ ਮਿਹਰਬਾਨੀ ਕਰ ਕੇ:

- ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਗੱਲ ਕਰੋ।
- ਆਪਣੇ ਬੱਚੇ ਦੇ ਸਕੂਲ ਵਿਖੇ ਵਿਸ਼ੇਸ਼ ਸਿੱਖਿਆ ਨਾਲ ਸੰਬੰਧਤ ਅਧਿਆਪਕ ਨਾਲ ਸੰਪਰਕ ਕਰੋ।
- Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਦੀ ਵੈੱਬਸਾਈਟ www.peelschools.org/speced (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਵੇਖੋ।
- Ontario Ministry of Education (ਓਨਟੇਰੀਓ ਮਨਿਸਟਰੀ ਆਫ਼ ਐਜੂਕੇਸ਼ਨ) ਦੀ ਵੈੱਬਸਾਈਟ www.edu.gov.on.ca (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਖੋਲ੍ਹੋ, elementary and secondary education ਉੱਤੇ ਕਲਿੱਕ ਕਰੋ, ਅਤੇ ਉਸ ਤੋਂ ਬਾਅਦ special education (ਵਿਸ਼ੇਸ਼ ਸਿੱਖਿਆ) ਦੇ ਲਿੰਕ ਖੋਲ੍ਹੋ।
- Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਨਾਲ 905-890-1099 ਜਾਂ 1-800-668-1146, ਐਕਸਟੈਂਸ਼ਨ 2345 ’ਤੇ ਸੰਪਰਕ ਕਰੋ।